**BCM SCHOOL, BASANT AVENUE ,DUGRI ROAD, LUDHIANA**

**SEPTEMBER ASSESSMENT (2024-2025)**

**CLASS-X**

**TIME:3 HOURS** **PAPER-PUNJABI(004)** **M.M-80**

| | | |
|---|---|---|
| | **ਭਾਗ ਪਹਿਲਾ (ਪੜ੍ਹਨ ਕੌਸ਼ਲ)** | |
| **1.** | **ਹੇਠ ਲਿਖੇ ਅਣਡਿੱਠੇ ਪੈਰੇ ਨੂੰ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:-**<br>ਪੁਰਾਣੇ ਸਮਿਆਂ ਵਿਚ ਭਾਰਤੀ ਲੋਕਾਂ ਵਿਚ ਸਵੈ-ਮਾਣ ਦੀ ਭਾਵਨਾ ਡੂੰਘੀ ਹੁੰਦੀ ਸੀ। ਪਰ ਕੁਝ ਸਮੇਂ ਲਈ ਗੁਲਾਮ ਰਹਿਣ ਕਾਰਨ ਇਹ ਭਾਵਨਾ ਲਗਭਗ ਅਲੋਪ ਹੋ ਗਈ ਸੀ। ਅੱਜ ਅਸੀਂ ਆਜ਼ਾਦ ਹਾਂ ਅਤੇ ਇਸ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਇਹ ਮਨੁੱਖਤਾ ਦੀ ਪੌੜੀ ਹੈ। ਇਸ ਤੋਂ ਬਿਨਾਂ ਅਸੀਂ ਜਾਨਵਰਾਂ ਵਾਂਗ ਰਹਿੰਦੇ ਹਾਂ। ਸਵੈ-ਮਾਣ ਦੀ ਰਾਖੀ ਲਈ ਆਤਮ-ਵਿਸ਼ਵਾਸ ਨੂੰ ਅੱਗੇ ਰੱਖਣਾ ਪਵੇਗਾ। ਇਸ ਤਰ੍ਹਾਂ ਸਵੈ-ਮਾਣ ਦਾ ਮਹਿਲ ਉਸਾਰਿਆ ਜਾਂਦਾ ਹੈ। ਜਦੋਂ ਤੱਕ ਅਸੀਂ ਆਪਣੇ ਮਨ ਦੀਆਂ ਇੱਛਾਵਾਂ ‘ਤੇ ਪੂਰਾ ਵਿਸ਼ਵਾਸ ਨਹੀਂ ਰੱਖਦੇ, ਅਸੀਂ ਉਨ੍ਹਾਂ ਨੂੰ ਪੂਰਾ ਨਹੀਂ ਕਰ ਸਕਾਂਗੇ ਅਤੇ ਇਹ ਕਮੀ ਆਤਮ-ਵਿਸ਼ਵਾਸ ਨਾਲ ਭਰੀ ਜਾ ਸਕਦੀ ਹੈ। ਇਸ ਲਈ ਲੋਕ ਹਉਮੈ ਅਤੇ ਲਾਭ ਲਈ ਝੂਠ ਬੋਲਦੇ ਹਨ, ਚੋਰੀ ਕਰਦੇ ਹਨ ਅਤੇ ਧੋਖਾ ਦਿੰਦੇ ਹਨ। ਇੰਨਾ ਹੀ ਨਹੀਂ, ਸਮਾਂ ਆਉਣ ‘ਤੇ ਉਹ ਆਪਣੇ ਆਤਮ-ਸਨਮਾਨ ਨੂੰ ਇਕ ਦਮ ‘ਤੇ ਛੱਡ ਦਿੰਦੇ ਹਨ। ਅਜਿਹੇ ਲੋਕਾਂ ਦਾ ਸਵੈ-ਮਾਣ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਇਸ ਲਈ ਅਜਿਹੇ ਲੋਕਾਂ ਤੋਂ ਦੂਰ ਰਹੋ ਅਤੇ ਆਪਣੀ ਆਤਮਾ ਨੂੰ ਪਵਿੱਤਰ ਬਣਾਓ, ਤਾਂ ਹੀ ਉਨ੍ਹਾਂ ਨੂੰ ਸਮਾਜ ਵਿੱਚ ਬਣਦਾ ਮਾਣ-ਸਤਿਕਾਰ ਮਿਲ ਸਕਦਾ ਹੈ।<br>.<br>*** ਪ੍ਰਸ਼ਨਾਂ ਦੇ ਉੱਤਰ ਲਿਖੋ:-**<br>1. ਪੈਰੇ ਵਿੱਚੋਂ ਪ੍ਰਤੱਖ ਦਾ ਵਿਰੋਧੀ ਸ਼ਬਦ ਚੁਣੋ?<br>ੳ. ਹਉਮੈ ਅ. ਲਾਭ ੲ. ਅਲੋਪ ਸ. ਉਸਾਰਿਆ<br>2. ਸਵੈ-ਮਾਣ ਖਤਮ ਹੋਣ ਦਾ ਇੱਕ ਕਾਰਨ ਗੁਲਾਮੀ ਵੀ ਸੀ। ਇਸ ਕਥਨ ਨਾਲ ਤੁਸੀਂ:-<br>ੳ. ਸਹਿਮਤ ਅ. ਅਸਹਿਮਤ ੲ. ਨਾ ਸਹਿਮਤ ਨਾ ਸਹਿਮਤ ਸ. ਸਹਿਮਤ ਵੀ ਅਸਹਿਮਤ ਵੀ<br>3. ਲੋਕਾਂ ਵਿੱਚ ਸਦਾਚਾਰੀ ਗੁਣ ਕਿਸ ਕਾਰਨ ਖਤਮ ਹੁੰਦੇ ਹਨ?<br>ੳ. ਸਵੈਮਾਨ ਦੀ ਘਾਟ ਅ. ਮਨ ਦੀਆਂ ਇੱਛਾਵਾਂ ਤੇ ਵਿਸ਼ਵਾਸ ਨਾ ਹੋਣਾ<br>ੲ. ਜਾਨਵਰਾਂ ਵਾਂਗੂੰ ਰਹਿਣ ਕਾਰਨ ਸ. ਹਉਮੈ ਤੇ ਲਾਭ ਕਾਰਨ<br>4. ਵਿਰੋਧ ਭਾਵ ਵਾਲਾ ਸਮਾਸੀ ਚੁਣੋ?<br>ੳ. ਆਤਮ-ਵਿਸ਼ਵਾਸ ਅ. ਲੈਣਾ-ਦੇਣਾ ੲ. ਸਵੈ-ਮਾਣ ਸ.ਆਤਮ-ਸਨਮਾਨ<br>5. ਆਜ਼ਾਦ ਭਾਰਤੀ ਦਾ ਮੰਤਵ ਹੋਣਾ ਚਾਹੀਦਾ ਹੈ :-<br>ੳ. ਆਤਮ ਵਿਸ਼ਵਾਸ ਇਕ ਦਮ ਤੇ ਛੱਡ ਦੇਣਾ ਅ. ਝੂਠ ਨਾ ਬੋਲਣਾ ਤੇ ਚੋਰੀ ਨਾ ਕਰਨਾ<br>ੲ. ਸਵੈ-ਮਾਣ ਰਹਿਤ ਵਿਅਕਤੀ ਤੋਂ ਦੂਰ ਰਹਿਣਾ ਸ. ਸਵੈ-ਮਾਣ ਨੂੰ ਵਧਾਉਣਾ<br>6. ਇਸ ਪੈਰੇ ਦਾ ਸਿਰਲੇਖ ਦੱਸੋ।<br>ੳ. ਭ੍ਰਿਸ਼ਟਾਚਾਰੀ ਜੀਵਨ ਅ. ਮਨੁੱਖੀ ਸਵੈਮਾਨ ਦੀ ਕਦਰ ੲ. ਸਦਾਚਾਰੀ ਗੁਣ ਸ. ਹਉਮੈ ਦੀ ਭਾਵਨਾ | 6m |
| **2.** | **ਹੇਠ ਲਿਖੀ ਕਾਵਿ ਟੁਕੜੀ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਲਿਖੋ:-**<br>ਬੜੀ ਬੁਰੀ ਹੁੰਦੀ ਹੈ ਫੁੱਟ ਲੋਕੋ, | 4m |

| | | |
|---|---|---|
| | ਇਸ ਚੰਦਰੀ ਫੁੱਟ ਦਾ ਗਲਾ ਘੁੱਟ ਕੇ ਕਿਸੇ ਖੂਹ ਵਿੱਚ ਦੇਵੋ ਸੁੱਟ ਲੋਕੋ।<br>ਜਿਸ ਘਰ ਤੇ ਰੱਖ ਲਏ ਅੱਖ ਲੋਕੋ, ਛੱਡਦੀ ਨਾ ਉਥੇ ਕੱਖ ਲੋਕੋ।<br>ਇਹ ਨੂਹਾਂ ਨਾਲੋਂ ਮਾਸ ਨੂੰ ਵੀ, ਕਰ ਦਿੰਦੀ ਵੱਖੋ ਵੱਖ ਲੋਕੋ।<br>ਇਹ ਵੱਸਦੇ ਰਸਦੇ ਵਿਹੜੇ ਵਿੱਚ, ਇਕ ਖਾਈ ਦਿੰਦੀ ਪੁੱਟ ਲੋਕੋ।<br>ਇਹ ਖਿੜ ਖਿੜ ਹੱਸਦੇ ਘਰ ਵਿੱਚੋਂ, ਸੁਖ ਚੈਨ ਲਿਜਾਂਦੀ ਲੁੱਟ ਲੋਕੋ।<br>ਬੜੀ ਬੁਰੀ ਹੁੰਦੀ ਹ ਫੁੱਟ ਲੋਕੋ।<br>* ਪ੍ਰਸ਼ਨਾਂ ਦੇ ਉੱਤਰ ਲਿਖੋ:-<br>1. ਫੁੱਟ ਬੁਰੀ ਹੋਣ ਦਾ ਇੱਕ ਕਾਰਨ ਦੱਸੋ?<br>2. ਨੌਹਾਂ ਨਾਲੋਂ ਮਾਸ ਵੱਖ ਹੋਣਾਂ ਦਾ ਭਾਵ ਸਪਸ਼ਟ ਕਰੋ?<br>3. ਉਪਰੋਕਤ ਤੁਕਾਂ ਵਿੱਚ "ਬਰਬਾਦ ਹੋਣ" ਲਈ ਕਿਹੜਾ ਮੁਹਾਵਰਾ ਵਰਤਿਆ ਗਿਆ ਹੈ?<br>4. ਇਸ ਕਵਿਤਾ ਵਿੱਚ ਫੁੱਟ ਨੂੰ ਕਿਹੜੇ ਵਿਸ਼ੇਸ਼ਣ ਪੁਕਾਰਿਆ ਗਿਆ ਹੈ? | |
| | **ਭਾਗ ਦੂਜਾ (ਵਿਆਕਰਨ)** | 12m |
| | **ਹੇਠ ਲਿਖੇ ਵਿਆਕਰਨ ਸੰਬੰਧੀ ਪ੍ਰਸ਼ਨਾਂ ਦੇ ਉੱਤਰ ਲਿਖੋ:-** | |
| 3. | **ਸਮਾਸੀ ਸ਼ਬਦ:- ਕੋਈ ਦੋ ਪ੍ਰਸ਼ਨ ਹੱਲ ਕਰੋ :-**<br>**ੳ)** ਲਗਭਗ ਸਾਰੀਆਂ ਸਮਾਸੀ ਸ਼ਬਦਾਂ ਦੀਆਂ ਕਿਸਮਾਂ ਲੈਆਤਮਕ ਧੁਨੀਆਂ ਤੇ ਅਧਾਰਿਤ ਹੁੰਦੀਆਂ ਹਨ। ਇਸ ਕਥਨ ਨਾਲ ਤੁਸੀਂ **:-**<br>i) ਸਹਿਮਤ ਹੋ ii) ਅਸਹਿਮਤ ਹੋ iii) ਨਾ ਸਹਿਮਤ ਨਾ ਅਸਹਿਮਤ iv) ਸਹਿਮਤ ਵੀ ਅਸਹਿਮਤ ਵੀ<br>ਅ) ਹੇਠ ਲਿਖਿਆ ਵਿੱਚੋਂ ਕਿਹੜਾ ਵਿਰੋਧ ਭਾਵੀ ਸਮਾਸੀ ਨਹੀਂ ਹੈ?<br>i) ਇਥੇ-ਉਥੇ ii) ਇਧਰ-ਉਧਰ iii ਇਧਰ-ਕਿੱਧਰ iv) ਉਰੇ-ਪਰੇ<br>**ੲ)** ਵਿਸ਼ਵ ਦਾ ਵਿਦਿਆਲਾ ਤੋਂ ਕਿਹੜਾ ਸਮਾਸੀ ਬਣੇਗਾ।<br>i) ਵਿਸ਼ਵ-ਵਿਦਿਆਲਾ ii) ਵਿਸ਼ਵੀ-ਵਿਦਿਆਲਾ iii) ਵਿਸ਼ਵ-ਵਿਦਾਲਾ iv) ਵਿਸ਼ਵੀ-ਵਿਦਾਲਾ | 2m |
| 4. | **ਬਹੁਆਰਥਕ ਸ਼ਬਦ:- ਕੋਈ ਦੋ ਪ੍ਰਸ਼ਨ ਹੱਲ ਕਰੋ**<br>ੳ) ਇਸ ਵਾਰ ਕਣਕ ਦਾ____ ਘੱਟ ਨਿਕਲਿਆ ਹੈ। ਅਧਿਆਪਕ ਨੇ ਮੋਹਨ ਨੂੰ _____ ਪਾਈ। ਰਮਨ ਆਪਣੇ ਕੱਪੜੇ____। ਇਸ_____ ਵਿੱਚ ਸੱਪ ਵੀ ਰਹਿੰਦੇ ਹਨ। ( ਉਪਰੋਕਤ ਚਾਰੋਂ ਖਾਲੀ ਸਥਾਨਾਂ ਵਿੱਚ ਸਹੀ ਬਹੁ ਆਰਥਕ ਸ਼ਬਦ ਭਰੋ)<br>i) ਧਾਰ ii) ਡੰਡ iii) ਸਿੱਟਾ iv) ਝਾੜ<br>ਅ) ਉਸ ਦੀ ਮੇਰੇ ਨਾਲ ਲਾਗ ਡਾਟ ਹੈ। ਲਾਗੀ ਆਪਣਾ ਲਾਗ ਲੈ ਹੀ ਜਾਂਦੇ ਹਨ। ਇਹ ਵੀ ਇੱਕ ਲਾਗ ਦੀ ਬਿਮਾਰੀ ਹੈ। (ਉਪਰੋਕਤ ਵਾਕਾਂ ਵਿੱਚੋਂ ਦੂਸਰੇ ਲਾਗ ਦਾ ਅਰਥ ਦੱਸੋ)<br>i) ਮਿਹਨਤਾਨਾ ii) ਛੂਤ iii) ਲੜਾਈ iv) ਕਿਸਮਤ<br>ੲ) ਪਾਰਕ ਦਾ ਇਕ ਅਰਥ ਹੈ ਕੂਹਣੀ, ਦੂਜਾ ਅਰਥ ਦਵਾਈ ਅਤੇ ਤੀਜਾ ਅਰਥ______ :-<br>i) ਨਿੰਬੂ ii) ਪੈਸਾ iii) ਪਸੀਨਾ iv) ਠੀਕ | 2m |
| 5. | **ਕਿਰਿਆ ਵਿਸ਼ੇਸ਼ਣ (ਕੋਈ ਦੋ ਪ੍ਰਸ਼ਨ ਹੱਲ ਕਰੋ)** | 2m |

| | | |
|---|---|---|
| | ੳ) ਉਹ ਕੁਵੇਲੇ ਆਇਆ ਜਿਸ ਕਾਰਨ ਸਾਰਾ ਕੰਮ ਲੇਟ ਹੋ ਗਿਆ। (ਇਹ ਵਾਕ ਵਿੱਚ ਕਿਹੜੇ ਦੋ ਕਿਰਿਆ ਵਿਸ਼ੇਸ਼ਣ ਆਏ ਹਨ)<br><br>i) ਸਥਾਨਵਾਚਕ, ਕਾਲਵਾਚਕ ii) ਕਾਰਨ ਵਾਚਕ, ਪ੍ਰਕਾਰ ਵਾਚਕ<br>iii) ਕਾਲਵਾਚਕ, ਕਾਰਨ ਵਾਚਕ। iv) ਕਾਰਨ ਵਾਚਕ, ਨਿਰਨਾਵਾਚਕ<br>ਅ) ਮਿਣਤੀ ਵਾਚਕ ਅਤੇ ਸੰਖਿਆਵਾਚਕ ਕਿਰਿਆ ਵਿਸ਼ੇਸ਼ਣ ਸਿਰਫ ਚੀਜ਼ਾਂ ਦੇ ਮਾਪ ਤੋਲ ਵਾਸਤੇ ਵਰਤੇ ਜਾਂਦੇ ਹਨ?<br>i) ਸਹਿਮਤ ਹੋ ii) ਅਸਹਿਮਤ ਹੋ iii) ਨਾ ਸਹਿਮਤ ਨਾ ਅਸਹਿਮਤ iv) ਸਹਿਮਤ ਵੀ ਅਸਹਿਮਤ ਵੀ<br>ੲ) ਸੇਲ ਲੱਗਣ ਕਾਰਨ ਉਸ ਦਾ ਸਮਾਨ ਧੜਾਧੜ ਵਿਕ ਗਿਆ। (ਕਿਸ ਕਿਸਮ ਦਾ ਕਿਰਿਆ ਵਿਸ਼ੇਸ਼ਣ ਹੈ)<br>i) ਨਿਸ਼ਚੇ ਵਾਚਕ ii). ਪ੍ਰਕਾਰ ਵਾਚਕ Iii). ਨਿਰਨਾ ਵਾਚਕ Iv) ਕਾਰਨ ਵਾਚਕ, | |
| 6. | **ਹੇਠ ਲਿਖਿਆਂ ਵਿਚੋਂ ਕੋਈ ਇੱਕ ਅਗੇਤਰ ਕਰੋ:-**<br>ਮਨ , ਸੰ | 1m |
| 7. | **ਹੇਠ ਲਿਖਿਆਂ ਵਿੱਚੋਂ ਕੋਈ ਇੱਕ ਪਿਛੇਤਰ ਕਰੋ।**<br>ਚੀ, ਲਾ | 1m |
| 8. | **ਮੁਹਾਵਰੇ:-ਕੋਈ ਚਾਰ ਪ੍ਰਸ਼ਨ ਹੱਲ ਕਰੋ।**<br>**ਹੇਠ ਲਿਖੇ ਮੁਹਾਵਰਿਆਂ ਦੇ ਵਾਕ ਇਸ ਤਰ੍ਹਾਂ ਬਣਾਓ ਕਿ ਅਰਥ ਸਪਸ਼ਟ ਹੋ ਜਾਏ**<br>ਕੰਨੀਂ ਘੇਸਲ ਮਾਰਨਾ, ਖੋਤੇ ਉੱਤੇ ਚੜਾਉਣਾ, ਗੋਦੜੀ ਦਾ ਲਾਲ, ਘੱਗਰੀ ਭੜਕਾਉਣੀ, ਚੰਨ ਤੇ ਥੁੱਕਣਾ, ਚੂਲ ਵਿੰਗੀ ਹੋਣਾ | 4m |
| | **ਭਾਗ ਤੀਜਾ(ਲਿਖਣ ਕੌਸ਼ਲ)** | 18m |
| 9. | **ਕੋਈ ਇੱਕ ਲੇਖ ਲਿਖੋ:-**<br>• ਸਾਈਬਰ ਕ੍ਰਾਈਮ<br>ਨੁਕਤੇ – ਭੂਮਿਕਾ, ਸਾਈਬਰ ਕ੍ਰਾਈਮ ਤੋਂ ਭਾਵ, ਸਾਈਬਰ ਕ੍ਰਾਈਮ ਦੇ ਦੋਸ਼ ਪੂਰਨ ਕੰਮ, ਸਾਈਬਰ ਇੱਕ ਜ਼ੁਲਮ ਵਜੋਂ, ਕੰਪਿਊਟਰ ਨਾਲ ਕੀਤੇ ਜਾ ਰਹੇ ਅਪਰਾਧ, ਸਾਰਾਂਸ਼<br>• ਸਮਾਜ ਕਲਿਆਣ ਵਿੱਚ ਯੁਵਕਾਂ ਦਾ ਹਿੱਸਾ<br>ਨੁਕਤੇ- ਨੌਜਵਾਨ ਕੌਮ ਦਾ ਸਿਰਜਣਹਾਰ, ਸਮਾਜਿਕ ਬੁਰਾਈਆਂ ਨੂੰ ਦੂਰ ਕਰਨਾ, ਪਿੰਡਾਂ ਦੇ ਪਛੜੇਪਨ ਨੂੰ ਦੂਰ ਕਰਨਾ ਅਤੇ ਤੰਦਰੁਸਤੀ ਲਈ ਕੰਮ ਕਰਨਾ, ਫਜ਼ੂਲ ਖਰਚੀ ਭਰੀਆਂ ਰਸਮਾਂ ਦਾ ਵਿਰੋਧ ਕਰਨਾ, ਦਿਲ ਪਰਚਾਵੇ ਤੇ ਕਿਤਿਆਂ ਦੀ ਸਿਖਲਾਈ ਦੇਣਾ, ਸਮਾਜਿਕ ਕਲਿਆਣ ਦੇ ਹੋਰ ਕੰਮ, ਸਰਕਾਰੀ ਪ੍ਰਬੰਧ ਅਤੇ ਢਾਂਚੇ ਦਾ ਸੁਧਾਰ ਕਰਨਾ ਸਾਰਾਂਸ਼<br>• ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ<br>ਨੁਕਤੇ- ਸੱਚ ਮਨੁੱਖੀ ਜੀਵਨ ਨੂੰ ਉੱਚਾ ਕਰਦਾ ਹੈ, ਕਰਮ ਕਾਂਡ ਅਤੇ ਪਾਖੰਡ ਨਿਰਾਰਥਕ ਹਨ, ਸੱਚਾ ਆਚਰਣ ਸੱਚ ਤੋਂ ਵੀ ਉੱਚਾ ਹੈ, ਸਚਾ ਸੁੱਚਾ ਆਚਰਣ ਕਿਵੇਂ ਪੈਦਾ ਹੁੰਦਾ ਹੈ, ਸੱਚ ਮਨੁੱਖ ਵਿੱਚ ਉੱਚੇ ਗੁਣ ਪੈਦਾ ਕਰਦਾ ਹੈ। | 8m |
| 10. | **ਕੋਈ ਇੱਕ ਪੱਤਰ ਕਰੋ** | 6m |

| | | |
|---|---|---|
| | * ਤੁਸੀਂ ਨੌਕਰੀ ਦੀ ਭਾਲ ਕਰ ਰਹੇ ਹੋ। ਤੁਹਾਨੂੰ ਪਤਾ ਲੱਗਦਾ ਹੈ ਕਿ ਤੁਹਾਡੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਵਿੱਚ ਕਲਰਕ ਦੀ ਥਾਂ ਖਾਲੀ ਹੈ। ਆਪਣੀਆਂ ਯੋਗਤਾਵਾਂ ਦੱਸਦੇ ਹੋਏ ਨੌਕਰੀ ਲੈਣ ਲਈ ਬਿਨੈ ਪੱਤਰ ਲਿਖੋ।<br>* ਤੁਸੀਂ ਬਾਰਵੀਂ ਤੋਂ ਬਾਅਦ ਉਚੇਰੀ ਵਿਦਿਆ ਲਈ ਸ਼ਹਿਰ ਤੋਂ ਬਾਹਰ ਗਏ ਹੋ। ਜਿੱਥੇ ਤੁਹਾਨੂੰ ਹੋਸਟਲ ਵਿੱਚ ਰਹਿਣਾ ਪੈ ਰਿਹਾ ਹੈ। ਆਪਣੇ ਮਾਤਾ ਜੀ ਨੂੰ ਹੋਸਟਲ ਦੇ ਜੀਵਨ ਬਾਰੇ ਦੱਸਦੇ ਹੋਏ ਉਥੇ ਆ ਰਹੀਆਂ ਕਠਿਨਾਈਆਂ ਬਾਰੇ ਬਿਆਨ ਕਰੋ। | |
| **11.** | **ਤਸਵੀਰ ਵਰਨਣ:-**<br> | 4m |
| | **ਭਾਗ ਚੌਥਾ (ਪਾਠ ਪੁਸਤਕ ਨਾਲ ਸੰਬੰਧਿਤ)** | 40m |
| **12.** | **ਅਤਿ ਛੋਟੇ ਪ੍ਰਸ਼ਨ ਉੱਤਰ (ਕਹਾਣੀ ਅਤੇ ਵਾਰਤਕ) (ਕੋਈ ਪੰਜ ਪ੍ਰਸ਼ਨ ਕਰੋ)**<br>ੳ) ਕਥਨ : ਸ਼ਾਹਾਂ ਦਾ ਮੁੰਡਾ ਗਲੀ ਦਾ ਬੁਲੀ ਸੀ।<br>ਕਾਰਨ : ਕਿਉਂਕਿ ਉਹ ਅਮੀਰ ਘਰ ਦਾ ਮੁੰਡਾ ਸੀ।<br>i) ਕਾਰਨ ਕਥਨ ਦੀ ਸਹੀ ਵਿਆਖਿਆ ਹੈ। ii) ਕਥਨ ਠੀਕ ਹੈ ਪਰ ਕਾਰਨ ਉਸ ਦੀ ਸਹੀ ਵਿਆਖਿਆ ਨਹੀਂ।<br>iii) ਕਥਨ ਗਲਤ ਹੈ ਕਿਉਂਕਿ ਕਾਰਨ ਉਸ ਦੀ ਸਹੀ ਵਿਆਖਿਆ ਹੈ। iv) ਕਥਨ ਅਤੇ ਕਾਰਨ ਦੋਨੋਂ ਸਹੀ ਹਨ।<br>ਅ) ਜਗੀਰ ਕੌਰ ਅਮਰੀਕ ਸਿੰਘ ਨੂੰ ਨਿਆਈਆਂ ਵਾਲੇ ਖੂਹ ਵਿੱਚ ਮਰਨ ਬਾਰੇ ਗੱਲ ਕਰਦੀ ਹੈ, ਇਸ ਕਥਨ ਨਾਲ ਤੁਸੀਂ:-<br>i) ਸਹਿਮਤ ਹੋ ii) ਅਸਹਿਮਤ ਹੋ iii) ਨਾ ਸਹਿਮਤ ਨਾ ਅਸਹਿਮਤ iv) ਸਹਿਮਤ ਵੀ ਅਸਹਿਮਤ ਵੀ<br>ੲ) "ਨਮਰੂਦ ਦੀ ਕਬਰ" ਦੀ ਉਦਾਹਰਨ ਘਰ ਦਾ ਪਿਆਰ ਪਾਠ ਵਿੱਚ ਕਿਸ ਦੇ ਸੰਦਰਭ ਵਿੱਚ ਦਿੱਤੀ ਗਈ ਹੈ?<br>i) ਕਥੱਕੜਾਂ ਦੇ ii) ਬਿਰਧ ਬੀਬੀ ਦੇ iii) ਹਜ਼ਰਤ ਮੁਹੰਮਦ ਸਾਹਿਬ ਦੇ iv) ਕਾਰਲਾਈਲ ਦੇ<br>ਸ) ਪ੍ਰਾਰਥਨਾ ਪਾਠ ਵਿੱਚ ਰੋਹਤਾਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਵਜ਼ੀਰ ਦਾ ਕੀ ਨਾਮ ਸੀ:-<br>i) ਧਿਆਨਵੀਰ ii) ਧਿਆਨ ਚੰਦ iii) ਧਿਆਨ ਦਾਸ iv) ਧਿਆਨ ਸਿੰਘ | 5m |

| | | |
|---|---|---|
| | ਹ) ਜੇਕਰ ਤੁਸੀਂ ਤੁਰਨਾ ਸ਼ੁਰੂ ਕਰਦੇ ਹੋ ਤਾਂ ਕਿੰਨੀ ਦੇਰ ਬਾਅਦ ਆਪਣੇ ਅੰਦਰ ਤਬਦੀਲੀ ਮਹਿਸੂਸ ਕਰਦੇ ਹੋ?<br>i) ਘੰਟੇ ਕੁ ਬਾਅਦ ii) ਇੱਕ ਦਿਨ ਬਾਅਦ iii) ਪੰਜ ਮਿੰਟਾਂ ਚ iv) ਉਸੇ ਵੇਲੇ<br>ਕ) "ਘਰ ਦਾ ਪਿਆਰ" ਵਾਰਤਕ ਦੇ ਲੇਖਕ ਦਾ ਨਾਮ ਦੱਸੋ?<br>i) ਨਰਿੰਦਰ ਸਿੰਘ ਕਪੂਰ ii) ਪ੍ਰਿ. ਤੇਜਾ ਸਿੰਘ iii) ਡਾਕਟਰ ਬਲਬੀਰ ਸਿੰਘ iv) ਵਰਿਆਮ ਸਿੰਘ ਸੰਧੂ | |
| 13. | **ਅਤਿ ਛੋਟੇ ਪ੍ਰਸ਼ਨ ਉੱਤਰ (ਕਵਿਤਾ ਅਤੇ ਇਕਾਂਗੀ ਵਿੱਚੋਂ) (ਕੋਈ ਪੰਜ ਪ੍ਰਸ਼ਨ ਕਰੋ)**<br>ੳ) ਜਫਰਨਾਮਾ ਇਕਾਂਗੀ ਵਿੱਚ ਕਾਂਗੜ ਨਗਰ ਕਿੱਥੇ ਸਥਿਤ ਹੈ?<br>i) ਅਹਿਮਦ ਨਗਰ ਵਿਖੇ ii) ਦੱਖਣ ਵਿਖੇ iii) ਮਹਾਰਾਸ਼ਟਰ ਵਿਖੇ iv) ਮਾਲਵੇ ਵਿਖੇ<br>ਅ) ਔਰੰਗਜ਼ੇਬ ਦਾ ਕਿਹੜਾ ਬਾਗੀ ਬੇਟਾ ਫੌਤ ਹੋਇਆ ਸੀ?<br>i) ਕਾਂਮ ਬਖਸ਼ ii) ਮੁਅਜ਼ਮ iii) ਅਕਬਰ iv) ਨੰਦ ਲਾਲ ਗੋਯਾ<br>ੲ) <u>ਰਿਸ਼ਤੇਦਾਰੀ</u> ਵਾਸਤੇ "ਸੋ ਕਿਉ ਮੰਦਾ ਆਖੀਐ" ਸ਼ਬਦ ਵਿੱਚ ਕਿਹੜਾ ਸ਼ਬਦ ਵਰਤਿਆ ਗਿਆ ਹੈ?<br>i) ਦੋਸਤੀ ii) ਊਪਜੈ iii) ਰਾਜਾਨ iv) ਬੰਧਾਨੁ<br>ਸ) ਹਰਿ ਜੀਉ ਲੇਖੈ ਵਾਰ ਨ ਆਵਈ __________।। ਤੁਕ ਪੂਰੀ ਕਰੋ?<br>i) ਤੂੰ ਬਖਸਿ ਮਿਲਾਵਣਹਾਰ ii) ਸਭ ਕਿਲਵਿਖ ਕਟਿ ਵਿਕਾਰ<br>iii) ਹਉ ਪਾਪੀ ਵਡ ਗੁਨਹਗਾਰੁ iv) ਜਨ ਨਾਨਕ ਤਿਨ ਜੈਕਾਰ<br>ਹ) ਗੁਰੂ ਅਰਜਨ ਦੇਵ ਜੀ ਦੇ ਸ਼ਬਦ ਵਿੱਚ <u>ਬਿਖਾੜਾ</u> ਸ਼ਬਦ ਦਾ ਕੀ ਭਾਵ ਹੈ:-<br>i) ਜਿੱਤ ਲਿਆ ii) ਖੇਡਣ ਦੀ ਥਾਂ iii) ਔਖਾ ਘੋਲ iv) ਫ਼ਿਕਰ ਚਿੰਤਾ<br>ਕ) "ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨਾ ਧੀਰਿ ਧਰੋਆ।" ਤੁਕ ਵਿੱਚ ਭੱਜਣ ਲਈ ਕਿਸ ਸ਼ਬਦ ਦੀ ਵਰਤੋਂ ਹੋਈ ਹੈ?<br>i) ਭੰਨੀ ii) ਧੀਰਿ iii) ਧਰੋਆ iv) ਬੁਕੇ | 5m |
| 14. | **ਅਤਿ ਛੋਟੇ ਪ੍ਰਸ਼ਨ ਉੱਤਰ (ਕਹਾਣੀ ਅਤੇ ਵਾਰਤਕ) (ਕੋਈ ਚਾਰ ਪ੍ਰਸ਼ਨ ਕਰੋ)**<br>ੳ) ਪੱਠੇ ਦੀ ਸਫ ਤੇ ਪੈਣ ਕਰਕੇ ਲੇਖਕ ਤੇ ਪਿੰਡੇ ਵਿੱਚ ਕੀ ਖੁਭਿਆ ਹੋਇਆ ਸੀ?<br>ਅ) ਅੰਗ ਸੰਗ ਕਹਾਣੀ ਵਿੱਚ 500 ਰੁਪਏ ਦਾ ਪਰਨੋਟ ਕੌਣ ਚੱਕੀ ਫਿਰਦਾ ਸੀ?<br>ੲ) ਕਾਰਲਾਇਲ ਦੀਆਂ ਲਿਖਤਾਂ ਦਾ ਮੁੱਖ ਵਿਸ਼ਾ ਕੀ ਹੁੰਦਾ ਸੀ?<br>ਸ) ਪਾਠ ਤੁਰਨ ਦਾ ਹੁਨਰ ਵਿੱਚ ਯੂਲੀਸਿਸ ਕੌਣ ਸੀ?<br>ਹ) " ਸਾਚੁ ਕਹੋ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਪਾਰਟ ਪ੍ਰਾਰਥਨਾ ਦੇ ਅਧਾਰ ਤੇ ਦੱਸੋ ਇਹ ਤੁੱਕਾ ਕਿਸ ਗੁਰੂ ਸਾਹਿਬਾਨ ਦੀਆਂ ਹਨ? | 4m |
| 15. | **ਛੋਟੇ ਪ੍ਰਸ਼ਨ ਉੱਤਰ (ਕਹਾਣੀ , ਵਾਰਤਕ ਅਤੇ ਇਕਾਂਗੀ) ਕੋਈ ਸੱਤ ਪ੍ਰਸ਼ਨ ਕਰੋ:-**<br>ੳ) ਕੁਲਫੀ ਕਹਾਣੀ ਵਿੱਚ ਲੇਖਕ ਦੀ ਬੇਚੈਨੀ ਨੂੰ ਕਿਹੜੇ ਕਿਹੜੇ ਕਾਰਨ ਪ੍ਰਭਾਵਿਤ ਕਰ ਰਹੇ ਸਨ?<br>ਅ) ਅੰਗ ਸੰਗ ਕਹਾਣੀ ਅਨੁਸਾਰ ਕਰਤਾਰ ਸਿੰਘ ਕਿਹੜੀਆਂ ਕਿਹੜੀਆਂ ਮੁੱਖ ਗੱਲਾਂ ਕਰਕੇ ਜਮੀਨ ਨੂੰ ਗਹਿਣੇ ਰੱਖਦਾ ਹੈ?<br>ੲ) ਔਰੰਗਜ਼ੇਬ ਆਪਣੇ ਦੁਨੀਆਂ ਤੋਂ ਜਾਣ ਬਾਰੇ ਕੀ ਆਖਦਾ ਹੈ?<br>ਸ) ਜੀਨਤ ਔਰੰਗਜ਼ੇਬ ਨੂੰ ਮਾਸੂਮ ਬੱਚਿਆਂ ਦੀ ਸ਼ਹੀਦੀ ਤੇ ਚੁੱਪ ਰਹਿਣ ਤੇ ਕਿਹੜੇ ਸ਼ਬਦ ਆਖਦੀ ਹੈ?<br>ਹ) ਘਰ ਦਾ ਪਿਆਰ ਵਾਰਤਕ ਅਨੁਸਾਰ ਉਪਦੇਸ਼ਕ ਅਤੇ ਲਿਖਾਰੀ ਗੁਰੂਆਂ ਅਤੇ ਪੈਗੰਬਰਾਂ ਦੇ ਜੀਵਨ ਨੂੰ ਕਿਸ ਤਰ੍ਹਾਂ ਬਿਆਨ ਕਰਦੇ ਹਨ? | 14m |

| | | |
|---|---|---|
| | ਸ) ਪ੍ਰਾਰਥਨਾ ਵਾਰਤਕ ਦੇ ਅਧਾਰ ਤੇ ਦੱਸੋ ਕਿ ਮਹਾਰਾਜਾ ਰਣਜੀਤ ਸਿੰਘ ਜੀ ਆਪਣੇ ਕਾਰਜਾਂ ਨੂੰ ਕਿਵੇਂ ਸਿੱਧ ਕਰ ਲੈਂਦੇ ਸਨ।?<br>ਕ) ਲੇਖਕ ਨੇ ਤੁਰਨ ਦਾ ਸ਼ੌਕ ਰੱਖਣ ਵਾਲੇ ਲੋਕਾਂ ਲਈ ਦੇਸ਼ ਪਿਆਰ ਦੇ ਜਜ਼ਬੇ ਸਬੰਧੀ ਕੀ ਵਿਚਾਰ ਪੇਸ਼ ਕੀਤੇ ਹਨ ?<br>ਖ) ਆਪਣੇ ਪਿਓ ਦੀ ਮੌਤ ਪਿੱਛੋਂ ਅਮਰੀਕ ਸਿੰਘ ਨੂੰ ਕਿਹੋ ਜਿਹੇ ਪਿਓ ਪੁੱਤਾਂ ਦਾ ਖਿਆਲ ਆਇਆ ਅਤੇ ਕਿਉਂ? | |
| **16.** | **ਵੱਡੇ ਪ੍ਰਸ਼ਨ ਉੱਤਰ (ਕਵਿਤਾ ਅਤੇ ਵਾਰਤਕ) ਕੋਈ ਦੋ ਪ੍ਰਸ਼ਨ ਕਰੋ:-**<br>ੳ) "ਨਾਮੁ ਧਿਆਇਆ ਮਹਾ ਸੁਖੁ ਪਾਇਆ।।<br>ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ।।<br>ਉਪਰੋਕਤ ਪੰਗਤੀਆਂ ਦਾ ਭਾਵ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।<br>ਜਾਂ<br>* ਤੁਹਾਡੀ ਪਾਠ ਪੁਸਤਕ ਵਿੱਚ ਦਰਜ ਗੁਰੂ ਅਮਰਦਾਸ ਜੀ ਦੇ ਰਚਿਤ ਸ਼ਬਦ ਦਾ ਵਿਸ਼ਾ ਵਸਤੂ ਬਿਆਨ ਕਰੋ।<br>ਅ) ਵਾਰਤਕ ਪ੍ਰਾਰਥਨਾ ਦੇ ਆਧਾਰ ਤੇ ਧਾੜਵੀ ਦੀ ਕਹਾਣੀ ਦਾ ਸੰਖੇਪ ਵਰਣਨ ਕਰੋ ?<br>ਜਾਂ<br>*ਵਾਰਤਕ ਘਰ ਦਾ ਪਿਆਰ ਦੇ ਆਧਾਰ ਤੇ ਦੱਸੋ ਕਿ ਰਾਵਲਪਿੰਡੀ ਪੜਦੇ ਹੋਏ ਲੇਖਕ ਹਰ ਐਤਵਾਰ ਕਿੱਥੇ ਜਾਂਦਾ ਸੀ ਤੇ ਉਥੋਂ ਦੀ ਭਾਵਨਾ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ। | 8m |
| **17.** | **ਵੱਡੇ ਪ੍ਰਸ਼ਨ ਉੱਤਰ (ਇਕਾਂਗੀ ਵਿੱਚੋਂ) ਕੋਈ ਇੱਕ ਕਰੋ:-**<br>ੳ) ਔਰੰਗਜੇਬ ਤੇ ਸੁਭਾਅ ਦੇ ਕੁਝ ਸਕਾਰਾਤਮਕ ਪਹਿਲੂ ਪੇਸ਼ ਕਰੋ।<br>ਅ) ਜਫਰਨਾਮੇ ਦੇ ਮਜਮੂਨ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ? | 4m |